# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

**ਹੁਕਮ :**

ਇਸ ਦਫਤਰ ਵਲੋਂ ਚਿੰਤਪੂਰਨੀ ਮੈਡੀਕਲ ਕਾਲੇਜ ਦੀਆਂ Ambulance / Buses / Vans ਦੀ ਮੁਰੰਮਤ ਕਰਨ ਲਈ M/s. TATA Sandhu Motors, Pathankot ਨੂੰ ਮਿਤੀ 22.04.2020 ਤੋਂ 24.04.2020 ਤੱਕ ਖੁੱਲੇ ਰੱਖਣ ਦੇ ਹੁਕਮ ਨੰ. 1029-50/DRA(T) ਮਿਤੀ 21.04.2020 ਰਾਹੀਂ ਹੁਕਮ ਕੀਤੇ ਗਏ ਸਨ ।

ਪਰ ਹੁਣ M/s. Cargo Motors Pvt. Ltd. Malikpur Chowk, Pathankot ਵਲੋਂ ਚਿੰਤਪੂਰਨੀ ਮੈਡੀਕਲ ਕਾਲੇਜ ਦੀਆਂ Ambulance / Buses / Vans ਦੀ ਮੁਰੰਮਤ ਕਰਨ ਲਈ ਆਪਣੀ ਸਹਿਮਤੀ ਪ੍ਰਗਟਾਈ ਗਈ ਹੈ। ਇਸ ਲਈ ਉਕਤ ਹੁਕਮਾਂ ਦੀ ਲਗਾਤਾਰਤਾ ਵਿੱਚ ਕਰਫਿਊ ਦੌਰਾਨ ਉਕਤ ਕੰਪਨੀ ਨੂੰ ਮਿਤੀ 24.04.2020 ਤੋਂ 27.04.2020 ਤੱਕ ਖੁੱਲੇ ਰੱਖਣ ਦੇ ਹੁਕਮ ਇਸ ਸ਼ਰਤ ਤੇ ਦਿੱਤੇ ਜਾਂਦੇ ਹਨ ਕਿ ਇਸ ਦੌਰਾਨ ਕੇਵਲ ਸਰਕਾਰੀ ਗੱਡੀਆਂ ਅਤੇ ਹਸਪਤਾਲਾਂ ਦੀਆਂ ਐਂਬੂਲੈਂਸ ਅਤੇ ਗੱਡੀਆਂ ਦੀ ਮੁਰੰਮਤ ਹੀ ਕੀਤੀ ਜਾ ਸਕਦੀ ਹੈ। ਇਸ ਮੌਕੇ ਤੇ ਇਹਨਾਂ ਕੰਪਨੀਆਂ ਵਲੋਂ ਕਿਸੇ ਵੀ ਤਰ੍ਹਾਂ ਦੀ ਕੋਈ ਖਰੀਦੋ-ਫਰੋਕਤ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਕਿਸੇ ਕਿਸੇ ਪ੍ਰਾਈਵੇਟ ਗੱਡੀ ਦੀ ਰਿਪੇਅਰ/ਸਰਵਿਸ ਕੀਤੀ ਜਾਵੇਗੀ। ਜੇਕਰ ਪ੍ਰਾਈਵੇਟ ਗੱਡੀ ਦੀ ਰਿਪੇਅਰ/ਸਰਵਿਸ ਕੀਤੀ ਪਾਈ ਜਾਂਦੀ ਹੈ ਤਾਂ ਇਸ ਨੂੰ ਕਰਫਿਊ ਉਲੰਘਣਾ ਮੰਨਦੇ ਹੋਏ ਆਈ.ਪੀ.ਸੀ. ਦੀ ਧਾਰਾ 188 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਦੇ ਨਾਲ ਹੀ ਕੰਮ ਕਰਦੇ ਕਾਰੀਗਰਾਂ ਦੀ Social Distance ਅਤੇ ਵਰਕਸ਼ਾਪ ਦੀ ਸੈਨੀਟਾਈਜੇਸ਼ਨ ਅਤੇ ਸਾਫ ਸਫਾਈ ਦਾ ਵੀ ਧਿਆਨ ਰੱਖਿਆ ਜਾਵੇਗਾ।

ਇਸ ਤੋਂ ਪਹਿਲਾਂ M/s. TATA Sandhu Motors, Pathankot ਨੂੰ ਮਿਤੀ 22.04.2020 ਤੋਂ 24.04.2020 ਤੱਕ ਖੁੱਲੇ ਰੱਖਣ ਦੀ ਦਿੱਤੀ ਗਈ ਪ੍ਰਵਾਨਗੀ ਰੱਦ ਕੀਤੀ ਜਾਂਦੀ ਹੈ।

ਇਹ ਹੁਕਮ ਤੁਰੰਤ ਲਾਗੂ ਹੋਣਗੇ ।

ਮਿਤੀ : 23.04.2020

DISTRICT MAGISTRATE PATHANKOT

ਜਿਲ੍ਹਾ ਮੈਜਿਸਟਰੇਟ,
ਪਠਾਨਕੋਟ ।

ਪਿੱਠ ਅੰਕਣ ਨੰ : DRA(T)/ 1063-85 ਮਿਤੀ 23/04/2020

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
2. ਪ੍ਰਮੁੱਖ ਸਕੱਤਰ, ਗਹਿ ਵਿਭਾਗ, ਪੰਜਾਬ, ਚੰਡੀਗੜ੍ਹ ।
3. ਕਮਿਸ਼ਨਰ, ਨਗਰ ਨਿਗਮ, ਪਠਾਨਕੋਟ ।
4. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ
5. ਵਧੀਕ ਡਿਪਟੀ ਕਮਿਸ਼ਨਰ (ਜਨਰਲ) / (ਵਿ), ਪਠਾਨਕੋਟ
6. ਉਪ ਮੰਡਲ ਮੈਜਿਸਟ੍ਰੇਟ, ਪਠਾਨਕੋਟ / ਧਾਰਕਲਾਂ।
7. ਸਿਵਲ ਸਰਜਨ, ਪਠਾਨਕੋਟ.
8. ਸਹਾਇਕ ਕਮਿਸ਼ਨਰ, ਲੇਬਰ, ਪਠਾਨਕੋਟ ਇਸ ਮੰਤਵ ਲਈ ਨੋਡਲ ਅਫਸਰ ਹੋਣਗੇ।
9. ਲੇਬਰ ਇੰਸਪੈਕਟਰ, ਪਠਾਨਕੋਟ ਨੂੰ ਸਹਾਇਕ ਨੋਡਲ ਅਫਸਰ
10. ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਪਠਾਨਕੋਟ ।
11. ਤਹਿਸੀਲਦਾਰ, ਪਠਾਨਕੋਟ / ਧਾਰਕਲਾਂ।

12. ਜ਼ਿਲ੍ਹੇ ਦੇ ਸਾਰੇ ਕਾਰਜਕਾਰੀ ਅਧਿਕਾਰੀ / ਮਿਉਂਸਪਲ ਕਮੇਟੀਆਂ / ਨਗਰ ਪੰਚਾਇਤਾਂ।
13. ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ।
14. ਜ਼ਿਲ੍ਹਾ ਕੰਟਰੋਲਰ, ਭੋਜਨ ਅਤੇ ਸਿਵਲ ਸਪਲਾਈ.
15. ਸਾਰੇ ਵਿਸ਼ੇਸ਼ ਕਾਰਜਕਾਰੀ ਮੈਜਿਸਟ੍ਰੇਟ
16. ਪ੍ਰਬੰਧਕ, ਚਿੰਤਪੂਰਨੀ ਮੈਡੀਕਲ ਕਾਲੇਜ, ਪਠਾਨਕੋਟ ।
17. ਮੈਸਰਜ ਕਾਰਗੋ ਮੋਟਰਸ ਪ੍ਰਾਈਵੇਟ ਲਿਮ. ਮਲਿਕਪੁਰ, ਪਠਾਨਕੋਟ ।

ਉਪਰੋਕਤ ਆਦੇਸ਼ਾਂ ਦੀ ਪਾਲਣਾ ਲਈ ।

ਜਿਲ੍ਹਾ ਮੈਜਿਸਟਰੇਟ,
ਪਠਾਨਕੋਟ ।

DISTRICT MAGISTRATE PATHANKOT